Ramandeep Kaur
Department of Library Science
Guru Nanak Dev University, Amritsar, Punjab (India)

ਪੰਜਾਬੀ ਸੱਭਿਆਚਾਰ ਦੀ ਸਾਂਭ-ਸੰਭਾਲ ਵਿੱਚ ਲਾਇਬ੍ਰੇਰੀਆਂ ਦੀ ਭੂਮਿਕਾ

The role of libraries in preserving Punjabi culture

Abstract:

Role of Libraries in Preservation of Punjabi Culture Punjabi culture, which is a comprehensive heritage treasure of folk music, dance, stories, script, language and rituals, has come under the spotlight in the era of modernity and globalization.In this context, the role of libraries is not limited to being centers of knowledge, but they are also emerging as a means of cultural preservation, promotion, and intergenerational transmission. Libraries preserving cultural heritage through the collection and digitization of ancient manuscripts, folklore, and creative literature. If libraries are seen not only as a service to readers, but also as a cultural regulator, then libraries can play a central role in the preservation of the Punjabi language and culture.

Keywords: Libraries, Punjabi Culture, Cultural Preservation, Heritage, Digitization, Language Promotion

“ਸੱਚਮੁੱਚ ਹੀ ਪੰਜਾਬੀ ਬੜੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਵਿਰਸੇ ਵਿੱਚ ਅਮੀਰ ਤੇ ਵਿਲੱਖਣ ਵਿਰਾਸਤ ਪ੍ਰਾਪਤ ਹੋਈ ਹੈ ਜਿਸ ’ਤੇ ਹਰ ਪੰਜਾਬੀ ਮਾਣ ਕਰ ਸਕਦਾ ਹੈ। ਕਿਸੇ ਭੂਗੋਲਿਕ ਖਿੱਤੇ ਵਿੱਚ ਵਸਦੇ ਲੋਕਾਂ ਦੇ ਜੀਵਨ ਢੰਗਾਂ ਨੂੰ ਓਸ ਖੇਤਰ ਦੇ ਲੋਕਾਂ ਦਾ ਸੱਭਿਆਚਾਰ ਆਖਿਆ ਜਾਂਦਾ ਹੈ। ਅਸਲ ਵਿੱਚ ਜੀਵਨ ਜਾਚ ਹੀ ਮਨੁੱਖ ਮਾਤਰ ਦਾ ਅਸਲ ਸੱਭਿਆਚਾਰ ਹੈ। ਇਸ ਦਾ ਵਿਕਾਸ ਮਨੁੱਖੀ ਵਿਕਾਸ ਦੇ ਨਾਲ ਹੀ ਹੁੰਦਾ ਹੈ... ਸਮੇਂ ਦੀਆਂ ਆਰਥਕ, ਸਮਾਜਿਕ ਅਤੇ ਰਾਜਨੀਤਕ ਪ੍ਰਸਥਿਤੀਆਂ

ਅਨੁਸਾਰ ਇਸ ਵਿੱਚ ਸਮੇਂ-ਸਮੇਂ ਤਬਦੀਲੀ ਵਾਪਰਦੀ ਰਹਿੰਦੀ ਹੈ ਪਰੰਤੂ ਸੱਭਿਆਚਾਰ ਦਾ ਖਾਸਾ ਇਹ ਹੈ ਕਿ ਇਹ ਕਦੀ ਵੀ ਖ਼ਤਮ ਨਹੀਂ ਹੁੰਦਾ, ਗਤੀਸ਼ੀਲ ਹੈ, ਭੂਗੋਲਿਕ ਅਤੇ ਸਮਾਜਿਕ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ”[1]।

ਮਨੁੱਖ ਜਾਤੀ ਦਾ ਰਹਿਣ-ਸਹਿਣ, ਖਾਧ ਖੁਰਾਕ, ਪਹਿਰਾਵਾ, ਕੰਮ-ਧੰਦੇ, ਮਨ-ਪਰਚਾਵੇ, ਖੇਡਾਂ, ਲੋਕ ਕਲਾਵਾਂ, ਲੋਕ ਨਾਚ, ਲੋਕ ਸਾਹਿਤ ਦੇ ਭਿੰਨ-ਭਿੰਨ ਰੂਪ ਅਤੇ ਨੈਤਿਕ ਕਦਰਾਂ-ਕੀਮਤਾਂ ਆਦਿ ਸੱਭਿਆਚਾਰ ਦੇ ਮੂਲ ਤੱਤ ਹਨ ਜਿਨ੍ਹਾਂ ਦੇ ਆਧਾਰ 'ਤੇ ਕਿਸੇ ਖਿੱਤੇ ਦੇ ਸੱਭਿਆਚਾਰ ਦੀ ਨਿਸ਼ਾਨ-ਦੇਹੀ ਕੀਤੀ ਜਾਂਦੀ ਹੈ। ਸਾਰੇ ਸੰਸਾਰ ਦੀਆਂ ਕੌਮਾਂ ਦੇ ਸਭਿਆਚਾਰਾਂ ਦੀਆਂ ਆਪਣੀਆਂ-ਆਪਣੀਆਂ ਵਿਸ਼ੇਸ਼ ਵਿਲੱਖਣਤਾਵਾਂ ਹਨ। ਹਰ ਕੌਮ ਆਪਣੀ ਵਿਰਾਸਤ ਤੇ ਮਾਣ ਕਰਦੀ ਹੈ। ਪੰਜਾਬੀਆਂ ਦੀਆਂ ਆਪਣੀਆਂ ਸ਼ਾਨਦਾਰ ਰਵਾਇਤਾਂ ਹਨ, ਅਸੀਂ ਆਪਣੇ ਮਹਾਨ ਵਿਰਸੇ ਦੇ ਵਾਰਸ ਹਾਂ.... ਪੰਜਾਬੀ ਸੱਭਿਆਚਾਰ ਦੀਆਂ ਧੁੰਮਾਂ ਸਾਰੇ ਸੰਸਾਰ ਵਿੱਚ ਪੈ ਰਹੀਆਂ ਹਨ, ਪੰਜਾਬ ਦੇ ਲੋਕ ਸੰਗੀਤ ਦੀਆਂ ਧੁਨਾਂ ਨੇ ਸੰਸਾਰ ਭਰ ਦੇ ਸੰਗੀਤ ਪ੍ਰੇਮੀਆਂ ਨੂੰ ਮੁਗਧ ਕੀਤਾ ਹੋਇਆ ਹੈ। ਪੰਜਾਬੀਆਂ ਦੇ ਪਹਿਰਾਵੇ ਅਤੇ ਖਾਣ-ਪੀਣ ਦੀ ਮੌਜ ਮਸਤੀ ਦੇ ਸੱਭੇ ਕਾਇਲ ਹਨ! ਪ੍ਰਦੇਸਾਂ ਵਿੱਚ ਜਿੱਥੇ-ਜਿੱਥੇ ਵੀ ਪੰਜਾਬੀ ਵਸਦੇ ਹਨ, ਉਹ ਓਥੇ ਆਪਣੇ ਸੱਭਿਆਚਾਰ ਦੀ ਮਹਿਕ ਵੰਡ ਰਹੇ ਹਨ।

“ਸੱਭਿਆਚਾਰ ' ਦੇ ਅਰਥ ਉਦੋਂ ਹੋਰ ਵਿਸ਼ਾਲਤਾ ਦਾ ਰੂਪ ਧਾਰਨ ਕਰ ਲੈਂਦੇ ਹਨ, ਜਦੋਂ ਇਸ ਨੂੰ ਜੀਵਨ-ਪੱਧਤੀ ਦੇ ਰੂਪ ਵਿਚ ਗ੍ਰਹਿਣ ਕਰ ਲਿਆ ਜਾਂਦਾ ਹੈ । ਅਰਥਾਤ ਇਸ ਵਿਚ ਪਰਿਵਾਰਕ ਜੀਵਨ, ਸੰਤਾਨ ਪਾਲਣ, ਵਿਆਹ ਅਤੇ ਪ੍ਰਣਾਉਣ ਦੇ ਅਨੇਕਾਂ ਰੀਤੀ-ਰਿਵਾਜ਼, ਸ਼ਿਲਪ ਕਲਾ ਅਤੇ ਹੋਰ ਵਿਕਸਿਤ ਕੀਤੀਆਂ ਕਲਾਵਾਂ, ਵਿਸ਼ਵਾਸ ਅਤੇ ਹੋਰ ਮਾਨਤਾਵਾਂ, ਮਨੋਰੰਜਨ ਦੇ ਸਾਧਨ ਅਤੇ ਸਰੋਤ, ਸਿੱਖਿਆ, ਗਿਆਨ, ਕਾਰੋਬਾਰ, ਉਹ ਕਦਰਾਂ-ਕੀਮਤਾਂ ਜੋ ਜੀਉਣ ਲਈ ਜ਼ਰੂਰੀ ਹਨ, ਗੱਲ ਕੀ ਸਮੁੱਚਾ ਵਿਰਸਾ ਅਤੇ ਵਰਤਮਾਨ ਇਸ ਦੇ ਘੇਰੇ ਵਿਚ ਆ ਜਾਂਦਾ ਹੈ, ਜੋ ਮਨੁੱਖ ਨੂੰ ਪੀੜ੍ਹੀ ਦਰ ਪੀੜ੍ਹੀ ਆਪਣੇ ਵੱਡੇ ਵਡੇਰਿਆਂ ਤੋਂ ਵਿਰਾਸਤ ਰੂਪ ਵਿਚ ਮਿਲਿਆ ਹੋਇਆ ਹੁੰਦਾ ਹੈ। ਇਸ ਕਿਸਮ ਦੀ ਵਿਰਾਸਤ ਵਿਚ ਪਦਾਰਥਕ ਪਹਿਲੂਆਂ ਤੋਂ ਇਲਾਵਾ ਨੈਤਿਕ, ਧਾਰਮਿਕ ਬੌਧਿਕ, ਗਤੀਵਿਧੀਆਂ ਅਤੇ ਹੋਰ ਸਰੋਕਾਰ ਵੀ ਵਿਆਪਕ ਪੱਧਰ ਉੱਤੇ ਕੁਝ ਦਿਸ ਅਤੇ ਕੁਝ ਅਦਿਸ ਰੂਪ ਵਿੱਚ ਪੱਸਰੇ ਹੋਏ ਹੁੰਦੇ ਹਨ”[2]।

ਦੁਨੀਆਂ ਦੇ ਵਿਭਿੰਨ ਸੱਭਿਆਚਾਰਾਂ ਦੇ ਟਾਕਰੇ ਤੇ ਪੰਜਾਬੀ ਸੱਭਿਆਚਾਰ ਵਿਲੱਖਣ ਅਤੇ ਅਮੀਰ ਸੱਭਿਆਚਾਰ ਹੈ। ਇਸ ਦਾ ਆਪਣਾ ਮੂਲ ਸੱਭਿਆਚਾਰ ਕ-ਖੇਤਰ ਹੈ। ਸ਼ਬਦ 'ਮੂਲ ਸੱਭਿਆਚਾਰ ਕ ਖੇਤਰ' ਦੇ ਭਾਵ ਨੂੰ ਭੂਗੋਲ ਅਤੇ ਸੱਭਿਆਚਾਰ ਦੇ ਆਪਸੀ ਰਿਸ਼ਤੇ (ਸੰਬੰਧਾਂ) ਦੇ ਅਰਥਾਂ ਵਿਚੋਂ ਵੀ ਸਮਝਿਆ ਜਾ ਸਕਦਾ ਹੈ। ਭਾਵੇਂ ਸੱਭਿਆਚਾਰ ਕ-ਖੇਤਰ ਕਿਸੇ ਖਾਸ ਉਦੇਸ਼ ਨਾਲ ਕਿਸੇ ਨਿਸਚਿਤ ਕੀਤੀ ਹੋਈ ਭੂਗੋਲਿਕ ਹੱਦਬੰਦੀ ਦਾ ਖੇਤਰ ਨਹੀਂ ਹੁੰਦਾ, ਪਰ ਫਿਰ ਵੀ ਭੂਗੋਲਿਕ ਚੌਗਿਰਦਾ ਮਨੁੱਖੀ ਜੀਵਨ ਅਤੇ ਇਸ ਦੀ ਪ੍ਰਗਤੀ ਦੇ ਸਾਧਨਾਂ ਨੂੰ ਜ਼ਰੂਰ ਪ੍ਰਭਾਵਿਤ ਕਰਦਾ ਹੈ।

“ਅੰਗਰੇਜ਼ੀ ਸ਼ਬਦ 'ਕਲਚਰ' ਦਾ ਸਾਮਾਨਾਰਥਕ ਪੰਜਾਬੀ ਸ਼ਬਦ ਸੱਭਿਆਚਾਰ ਹੈ। ਹੈਨਰੀ ਆਰ.ਵਾਨ. ਟਿਲ ਦੇ ਵਿਚਾਰ ਅਨੁਸਾਰ ਕਲਚਰ ਸ਼ਬਦ 'ਕਲਚਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਧਰਤੀ ਵਾਹੁਣਾ ਜਾਂ ਜੋਤਨਾ । ਲਾਤੀਨੀ ਭਾਸ਼ਾ ਵਿਚ ਕਲਚਰ ਦੇ ਮੁਕਾਬਲੇ ਦਾ ਸ਼ਬਦ 'ਕਲਚਰ' ਹੈ। ਇਹ ਲਾਤੀਨੀ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ। ਇਸ ਤਰ੍ਹਾਂ

ਅੰਗਰੇਜ਼ੀ ਸ਼ਬਦ 'ਐਗਰੀ ਕਲਚਰ' ਵੀ ਲਾਤੀਨੀ ਸ਼ਬਦ ਤੋਂ ਹੈ। ਅਗਰ (ਖੇਤ) ਕਲਚਰ (ਜੋਤਨਾ) ਕਲਚਰ ਸ਼ਬਦ ਦਾ ਸੰਬੰਧ 'ਕਲਚਰ' ਨਾਲ ਵੀ ਜੋੜਿਆ ਜਾਂਦਾ ਹੈ"[3]।

"ਸੱਭਿਆਚਾਰ ਦੀ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਪਰਿਭਾਸ਼ਾ ਬਰਤਾਨੀਆ ਦੇ ਇਕ ਮਾਨਵ-ਵਿਗਿਆਨੀ ਐਡਵਰਡ ਟਾਈਲਰ ਨੇ ਦਿੱਤੀ। ਸੰਨ 1871 ਵਿਚ ਉਸ ਨੇ ਇਸ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ ਕਿ ਸੱਭਿਆਚਾਰ ਇਕ ਉਹ ਜਟਿਲ ਸਮੁੱਚ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਕਾਨੂੰਨ, ਨੈਤਿਕਤਾ, ਰੀਤੀ ਰਿਵਾਜ ਅਤੇ ਉਹ ਸਾਰਾ ਵਿਵਹਾਰ ਅਤੇ ਆਦਤਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਮਨੁੱਖ, ਸਮਾਜ ਦਾ ਅੰਗ ਹੋਣ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ। ਟਾਈਲਰ ਦੀ ਇਹ ਪਰਿਭਾਸ਼ਾ ਸੱਭਿਆਚਾਰ ਨੂੰ ਇਕ ਜਟਿਲ ਸਮੁੱਚ ਦੇ ਰੂਪ ਵਿਚ ਤਾਂ ਵਿਚਾਰਦੀ ਹੈ ਪਰੰਤੂ ਜਿਵੇਂ ਜਿਵੇਂ ਇਸ ਸੰਕਲਪ ਬਾਰੇ ਸਾਡੇ ਗਿਆਨ ਵਿਚ ਵਾਧਾ ਹੁੰਦਾ ਗਿਆ, ਇਹ ਪਰਿਭਾਸ਼ਾ ਸੀਮਿਤ ਅਤੇ ਅਧੂਰੀ ਪ੍ਰਤੀਤ ਹੋਣ ਲੱਗੀ"[4]।

"ਡਿਕਸ਼ਨਰੀ ਆਫ਼ "ਸੱਭਿਆਚਾਰ ਮਨੁੱਖ ਦਾ "ਭਾਵ ਜਗਤ" ਹੈ। ਇਹ ਮਨੁੱਖ ਦੇ ਸਮੁੱਚੇ ਸੁਭਾਅ ਨੂੰ ਪ੍ਰਗਟਾਉਣ ਲਈ ਇਕ ਸਾਂਝਾ ਨਾਂ ਹੈ, ਜਿਸ ਨੂੰ ਸੰਕੇਤਾਂ, ਪ੍ਰਤੀਕਾਂ ਜਾਂ ਚਿੰਨ੍ਹਾਂ ਰਾਹੀਂ ਸਮਾਜਕ ਤੌਰ ਤੇ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਸਮਾਜਕ ਤੌਰ ਤੇ ਹੀ ਅਗਲੀ ਪੀੜ੍ਹੀ ਨੂੰ ਸੌਂਪਿਆ ਜਾਂਦਾ ਹੈ"[5]

"ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ, "ਸੱਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"43 ਇਸ ਪਰਿਭਾਸ਼ਾ ਵਿਚ ਡਾ. ਫਰੈਂਕ ਨੇ ਸੱਭਿਆਚਾਰ ਦੀ ਹੋਂਦ ਵਿਧੀ ਅਤੇ ਮੂਲ ਤੱਤਾਂ ਤੋਂ ਇਲਾਵਾ, ਇਤਿਹਾਸਕਤਾ ਦੇ ਨਾਲ-ਨਾਲ ਰੂਹਾਨੀ, ਬੌਧਿਕ ਅਤੇ ਪਦਾਰਥਕ ਪੱਖਾਂ ਨੂੰ ਸ਼ਾਮਲ ਕੀਤਾ ਹੈ"[6]।

ਇਸ ਤਰ੍ਹਾਂ ਸੱਭਿਆਚਾਰ ਸੰਗਠਿਤ ਮਨੁੱਖੀ ਜੀਵਨ ਦੀ ਉਪਜ ਹੈ, ਜੋ ਇਕ ਪਾਸੇ ਸਮੁੱਚੇ ਸਮਾਜੀ ਵਿਰਸੇ ਦੀ ਤਸਵੀਰ ਹੈ ਅਤੇ ਦੂਜੇ ਪਾਸੇ ਇਹ ਮਨੁੱਖ ਦੀ ਉਚੇਰੀ ਵਿਸ਼ੇਸ਼ ਜੀਵਨ ਸ਼ੈਲੀ ਦਾ ਸਿਰਜਕ ਹੈ। ਇਹ ਭੌਤਿਕ ਅਤੇ ਗੈਰ-ਭੌਤਿਕ ਦੋਹਾਂ ਸਤਹਾਂ ਤੇ ਵਿਚਰਦਾ ਹੈ। ਇਹ ਦੋਵੇਂ ਸਤੱਹਾਂ ਇਕ ਦੂਜੇ ਤੇ ਨਿਰਭਰ ਕਰਦੀਆਂ ਹਨ। ਇਸ ਕਰਕੇ ਸੱਭਿਆਚਾਰ ਦਾ ਆਧਾਰ ਮਨੁੱਖ ਅਤੇ ਉਸ ਦੇ ਵਿਹਾਰ ਵਿਚੋਂ ਲੱਭਿਆ ਜਾ ਸਕਦਾ ਹੈ ਜੋ ਭੌਤਿਕ ਅਤੇ ਗੈਰ-ਭੌਤਿਕ ਵਸਤਾਂ ਨੂੰ ਮਨੁੱਖੀ ਗਿਆਨ ਦੇ ਨਵੇਂ ਜ਼ਾਵੀਏ ਤੋਂ ਪ੍ਰਸਤੁਤ ਕਰਦਾ ਹੈ।

ਪੰਜਾਬੀ ਸੱਭਿਆਚਾਰ ਆਪਣੀ ਵਿਲੱਖਣਤਾ, ਇਤਿਹਾਸਕ ਗਹਿਰਾਈ ਅਤੇ ਲੋਕਧਾਰਾ ਦੀ ਧਨਵਾਨੀ ਲਈ ਸੰਸਾਰ ਭਰ ਵਿੱਚ ਮਸ਼ਹੂਰ ਹੈ। ਇਹ ਸੱਭਿਆਚਾਰ ਹਜ਼ਾਰਾਂ ਸਾਲਾਂ ਦੀ ਬੁੱਧੀਮਤਾ, ਸਮਾਜਕ ਅਨਭਵਾਂ, ਰੂਹਾਨੀ ਪਰੰਪਰਾਵਾਂ ਅਤੇ ਜੀਵਨ-ਮੂਲਾਂ ਦਾ ਨਿਰੰਤਰ ਸੰਚਿਤ ਨਤੀਜਾ ਹੈ। ਇਸ ਪ੍ਰੰਪਰਾ ਦੀ ਸੰਭਾਲ ਅਤੇ ਸੁਰੱਖਿਆ ਲਈ ਉਹਨਾਂ ਸੰਸਥਾਵਾਂ ਦੀ ਬੇਹੱਦ ਲੋੜ ਰਹੀ ਹੈ ਜੋ ਸਮਾਜ ਦੀ ਸਮੂਹਕ ਯਾਦ ਨੂੰ ਸੰਭਾਲੀਆਂ ਰੱਖ ਸਕਣ। ਲਾਇਬ੍ਰੇਰੀਆਂ, ਜੋ ਗਿਆਨ ਅਤੇ ਸੱਭਿਆਚਾਰ ਦੀਆਂ ਰੱਖਵਾਲੀਆਂ ਵਜੋਂ ਮੰਨੀਆਂ ਜਾਂਦੀਆਂ ਹਨ, ਪੰਜਾਬੀ ਸੱਭਿਆਚਾਰ ਨੂੰ ਬਚਾਉਣ ਵਿੱਚ ਇੱਕ

ਅਦਿਗਣਤਮ ਅਤੇ ਕੇਂਦਰੀ ਭੂਮਿਕਾ ਨਿਭਾਉਂਦੀਆਂ ਹਨ। ਲਾਇਬ੍ਰੇਰੀਆਂ ਨਾ ਕੇਵਲ ਕਿਤਾਬਾਂ ਦਾ ਸੰਗ੍ਰਹਿ ਹਨ, ਸਗੋਂ ਇਹ ਉਹ ਕੇਂਦਰ ਹਨ ਜਿੱਥੇ ਇੱਕ ਸਮਾਜ ਦੀ ਇਤਿਹਾਸਕ ਸਮਝ, ਭਾਸ਼ਾਈ ਵਿਰਾਸਤ, ਲੋਕਧਾਰਾ, ਕਲਾ, ਧਾਰਮਿਕ ਸਾਹਿਤ ਅਤੇ ਅਕਾਦਮਿਕ ਸਰੋਤ ਇਕੱਠੇ ਹੋ ਕੇ ਪੀੜ੍ਹੀ-ਦਰ-ਪੀੜ੍ਹੀ ਸੰਭਾਲੇ ਜਾਂਦੇ ਹਨ।

“ਲਾਇਬ੍ਰੇਰੀ ਇਕ ਸਮਾਜਿਕ ਸੰਸਥਾ ਹੈ, ਜਿਸਦਾ ਮਨੋਰਥ ਪੁਸਤਕਾਂ ਪ੍ਰਾਪਤ ਕਰਕੇ ਸੰਭਾਲਣਾ ਅਤੇ ਉਨ੍ਹਾਂ ਵਿਚ ਅੰਕਿਤ ਗਿਆਨ ਦਾ ਪੂਰਾ ਪ੍ਰਸਾਰ ਕਰਨਾ ਹੁੰਦਾ ਹੈ। ਪ੍ਰਾਚੀਨ ਅਤੇ ਮੱਧ-ਕਾਲੀਨ ਸਮਿਆਂ ਵਿਚ ਲਾਇਬ੍ਰੇਰੀਆਂ ਪੁਸਤਕਾਂ ਇਕੱਤਰ ਕਰਕੇ ਸੰਭਾਲਣ ਲਈ ਸਥਾਪਿਤ ਕੀਤੀਆਂ ਜਾਂਦੀਆਂ ਸਨ ਪਰ ਆਧੁਨਿਕ ਕਾਲ ਵਿਚ ਇਨ੍ਹਾਂ ਦਾ ਮਨੋਰਥ ਪੁਸਤਕਾਂ ਦੀ ਵਰਤੋਂ ਤੇ ਜ਼ੋਰ ਦੇ ਕੇ ਸਮਾਜ ਵਿਚ ਗਿਆਨ ਦਾ ਪ੍ਰਸਾਰ ਕਰਨਾ ਬਣ ਗਿਆ ਹੈ। ਜਿਉਂ ਹੀ ਸਮਾਜ ਵਿਚ ਗਿਆਨ ਦੀ ਲੋੜ ਵਧਦੀ ਹੈ, ਲਾਇਬ੍ਰੇਰੀ ਦੀ ਸਮਾਜਿਕ ਪਦਵੀ ਤੇ ਮਹੱਤਾ ਵੀ ਵਧਦੀ ਹੈ। ਕਿਹਾ ਜਾਂਦਾ ਹੈ ਕਿ ਕਿਸੇ ਦੇਸ਼ ਜਾਂ ਕੌਮ ਦੇ ਸਭਿਆ-ਚਾਰ ਦੀ ਪੱਧਰ ਦਾ ਅਨੁਮਾਨ ਉਸ ਦੀਆਂ ਲਾਇਬ੍ਰੇਰੀਆਂ ਦੀ ਹਾਲਤ ਤੋਂ ਲਾਇਆ ਜਾ ਸਕਦਾ ਹੈ। ਇਸੇ ਲਈ ਹਰ ਕੌਮ ਆਪਣੀ ਕੌਮੀ ਕਲਾ ਤੇ ਹੁਨਰ ਦੇ ਨਾਲ ਨਾਲ ਲਾਇ-ਬ੍ਰੇਰੀਆਂ ਤੇ ਵੀ ਬੜਾ ਮਾਣ ਕਰਦੀ ਹੈ ਅਤੇ ਉਨ੍ਹਾਂ ਨੂੰ ਦਰਸਾਉਣ ਦਾ ਯਤਨ ਵੀ ਕਰਦੀ ਹੈ”[7]।

“ਲਾਇਬ੍ਰੇਰੀ ਜੋ ਜਾਣਕਾਰੀ ਦਾ ਭਰਪੂਰ ਖਜ਼ਾਨਾ ਹਨ। ਵਿੱਦਿਆ ਧਨ ਦੀ ਵੰਡ ਇੱਕ ਪਵਿੱਤਰ ਕੰਮ ਹੈ ਜੋ ਪੁਰਾਣੇ ਸਮੇਂ ਬ੍ਰਾਹਮਣਾਂ ਵੱਲੋਂ ਕੀਤਾ ਜਾਂਦਾ ਸੀ ਜੋ ਸਮਾਜ ਦੇ ਉੱਚ ਵਿਅਕਤੀ (Gifted Persons) ਸਨ। ਉਹ ਸਮਾਜਕ ਸੰਸਥਾਵਾਂ ਦੇ ਪ੍ਰਬੰਧ ਵੱਲ ਕੁਦਰਤੀ ਤੌਰ ਤੇ ਧਿਆਨ ਦੇਣ ਦੀ ਮੰਗ ਕਰਦਾ ਹੈ। ਲਾਇਬ੍ਰੇਰੀ ਦਾ ਮੁੱਖ ਕੰਮ ਗਿਆਨ ਇਕੱਠਾ ਕਰਨਾ, ਸੰਭਾਲਣਾ ਤੇ ਸਭ ਨੂੰ ਵੰਡਣਾ ਹੈ। ਲਾਇਬ੍ਰੇਰੀਆਂ ਹੁਣ ਕੇਵਲ ਗਿਆਨ ਇਕੱਠਾ ਕਰਨ ਦਾ ਭੰਡਾਰ ਹੀ ਨਹੀਂ ਰਹੀਆਂ। ਟੈਗੋਰ ਦੇ ਸ਼ਬਦਾਂ ਵਿਚ, "ਲਾਇਬ੍ਰੇਰੀਆਂ ਵਿੱਚ ਪੜ੍ਹਨ ਸਮੱਗਰੀ ਦੀ ਵਰਤੋਂ ਦੀ ਸੀਮਾ (extent) ਹੀ ਇਸ ਦੀ ਮਹੱਤਤਾ ਨੂੰ ਨਿਸ਼ਚਿਤ ਕਰਦੀ ਹੈ”[8]।

"ਪੱਛਮੀ ਸੰਸਾਰ ਵਿੱਚ ਦੋ ਸ਼ਬਦ "ਲਾਇਬ੍ਰੇਰੀ" ਅਤੇ "ਬਿਬਲੀਓਥੇਕਾ" ਉਸ ਜਗ੍ਹਾ ਨੂੰ ਦਰਸਾਉਣ ਲਈ ਵਰਤੇ ਜਾਂਦੇ ਹਨ ਜਿੱਥੇ ਕਿਤਾਬਾਂ ਅਤੇ ਹੱਥ-ਲਿਖਤਾਂ ਰੱਖੀਆਂ ਜਾਂਦੀਆਂ ਹਨ। ਪਹਿਲਾ ਸ਼ਬਦ ਲਾਤੀਨੀ ਮੂਲ "ਲਿਬਰ" ਤੋਂ ਲਿਆ ਗਿਆ ਹੈ, ਭਾਵ ਕਿਤਾਬ ਜਿੱਥੋਂ "ਲਾਇਬ੍ਰੇਰੀਅਮ" ਸ਼ਬਦ ਦਾ ਅਰਥ ਹੈ ਹੱਥ-ਲਿਖਤਾਂ ਅਤੇ ਕਿਤਾਬਾਂ ਰੱਖਣ ਦੀ ਜਗ੍ਹਾ। "ਬਿਬਲੀਓਥੇਕਾ" ਸ਼ਬਦ ਯੂਨਾਨੀ ਸ਼ਬਦ "ਬਿਬਲੋਸ" ਜਾਂ "ਬਾਈਬਲੋਸ" ਤੋਂ ਲਿਆ ਗਿਆ ਹੈ ਜਿੱਥੋਂ "ਬਿਬਲੀਓਨ" ਸ਼ਬਦ ਆਇਆ ਹੈ, 1. ਅਰਥਾਤ ਇੱਕ ਕਿਤਾਬ ਅਤੇ "ਥੇਕਾ" ਦਾ ਅਰਥ ਹੈ ਇੱਕ ਡੱਬਾ ਜਾਂ ਅਲਮਾਰੀ; ਇਸ ਲਈ "ਬਿਬਲੀਓਥੇਕਾ" ਸ਼ਾਬਦਿਕ ਤੌਰ 'ਤੇ ਇੱਕ ਕਿਤਾਬ-ਕੇਸ ਜਾਂ ਕਿਤਾਬਾਂ ਦਾ ਸੰਗ੍ਰਹਿ ਹੈ”[9]।

ਪੁਸਤਕਾਂ ਸੱਭਿਆਚਾਰਕ ਵਿਕਾਸ ਦਾ ਸਾਧਨ ਹਨ। ਉਨ੍ਹਾਂ ਰਾਹੀਂ ਸਮਾਜ ਆਪਣੀਆਂ ਨੀਹਾਂ ਪੱਕੀਆਂ ਕਰਦਾ ਅਤੇ ਨਾਗਰਿਕਾਂ ਦੇ ਜੀਵਨ ਵਿਚ ਖੇੜਾ, ਜੀਵਨ-ਜਾਚ ਅਤੇ ਅਧਿਆਤਮਿਕਤਾ ਲਿਆਉਂਦਾ ਹੈ। ਇਸੇ ਲਈ ਹਰ ਸਭਿਅ ਦੇਸ਼ ਵਿਚ ਪੁਸਤਕਾਂ ਪੜ੍ਹਨ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਹਰ ਬੱਚੇ ਤੇ ਹਰ ਨਾਗਰਿਕ ਨੂੰ ਵਧ ਤੋਂ ਵਧ ਪੁਸਤਕਾਂ ਪੜ੍ਹਨ ਲਈ ਪ੍ਰੇਰਿਆ ਜਾਂਦਾ ਹੈ, ਅਤੇ ਪੁਸਤਕਾਂ ਪੜ੍ਹਨ ਦੇ ਸਾਧਨ ਪਾਠਕਾਂ ਤਕ ਪਹੁੰਚਾਏ ਜਾਂਦੇ ਹਨ। ਗਿਆਨ ਪ੍ਰਾਪਤ ਕਰਕੇ

ਨਾਗਰਿਕ ਨਿਜੀ ਜੀਵਨ ਸੁਧਾਰਨ, ਸਮਾਜਿਕ ਜੀਵਨ ਦੀ ਪੱਧਰ ਨੂੰ ਉਤਾਂਹ ਚੁੱਕਣ, ਅਤੇ ਜੀਵਨ ਦੇ ਮੂਲ ਅਰਥਾਂ ਨੂੰ ਸਪਸ਼ਟ ਕਰਨ ਦਾ ਉਪਰਾਲਾ ਕਰਦੇ ਹਨ ।

ਪੰਜਾਬੀ ਭਾਸ਼ਾ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਲਈ ਲਾਇਬ੍ਰੇਰੀਆਂ ਨੂੰ ਜਾਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹਨਾਂ ਸੰਸਥਾਵਾਂ ਵਿੱਚ ਪ੍ਰਾਚੀਨ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਦੀਆਂ ਬੇਅੰਤ ਰਚਨਾਵਾਂ ਮੌਜੂਦ ਹਨ। ਗੁਰਬਾਣੀ, ਵਾਰਾਂ, ਜਨਮ-ਸਾਖੀਆਂ, ਰਹਿਤਨਾਮੇ, ਲੋਕ-ਗੀਤ, ਕਥਾ-ਸਾਹਿਤ ਅਤੇ ਕਵੀ-ਦਰਬਾਰਾਂ ਦੀਆਂ ਰਚਨਾਵਾਂ ਵਰਗੇ ਮਹੱਤਵਪੂਰਨ ਦਸਤਾਵੇਜ਼ ਵਰ੍ਹਿਆਂ ਤੋਂ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵਿਚ ਸੰਭਾਲੇ ਜਾਂਦੇ ਹਨ। ਇਹ ਦਸਤਾਵੇਜ਼ ਸਿਰਫ਼ ਸੱਭਿਆਚਾਰਕ ਧਰੋਹਰ ਨਹੀਂ, ਸਗੋਂ ਇੱਕ ਕੌਮ ਦੀ ਪ੍ਰਾਣ-ਸ਼ਕਤੀ ਹਨ। ਜੇ ਇਹ ਸੰਭਾਲੀਆਂ ਨਾ ਜਾਂਦੀਆਂ ਤਾਂ ਪੰਜਾਬੀ ਸੱਭਿਆਚਾਰ ਦੀ ਇੱਕ ਵੱਡੀ ਲੜੀ ਸਮੇਂ ਦੇ ਗਰਭ ਵਿੱਚ ਸਮਾ ਸਕਦੀ ਸੀ। ਲਾਇਬ੍ਰੇਰੀਆਂ ਇਨ੍ਹਾਂ ਪਾਠਾਂ ਦੀ ਵਿਗਿਆਨਕ ਸੁਰੱਖਿਆ, ਉਨ੍ਹਾਂ ਦੀ ਰੀਸਟੋਰੇਸ਼ਨ ਅਤੇ ਡਿਜ਼ੀਟਲ ਸੰਭਾਲ ਕਰਕੇ ਇਸ ਗੱਲ ਨੂੰ ਯਕੀਨੀ ਬਣਾਉਂਦੀਆਂ ਹਨ ਕਿ ਇਹ ਭਵਿੱਖ ਦੀਆਂ ਪੀੜ੍ਹੀਆਂ ਲਈ ਵੀ ਪਹੁੰਚਯੋਗ ਰਹਿਣ।

ਲੋਕ-ਸੱਭਿਆਚਾਰ, ਜੋ ਪੰਜਾਬ ਦੀ ਰੂਹ ਮੰਨੀ ਜਾਂਦੀ ਹੈ, ਉਹ ਵੀ ਬਹੁਤ ਹੱਦ ਤੱਕ ਲਾਇਬ੍ਰੇਰੀਆਂ ਰਾਹੀਂ ਹੀ ਬਚਾਇਆ ਗਿਆ ਹੈ। ਪੰਜਾਬੀ ਲੋਕ-ਗੀਤ, ਮੌਖਿਕ ਕਥਾਵਾਂ, ਵਿਰਸੇ ਦੀਆਂ ਗਾਥਾਵਾਂ, ਮਾਂਆਂ ਦੇ ਲੋਰੀ-ਗੀਤ, ਵਾਰਾਂ, ਰਸਮ-ਰਿਵਾਜਾਂ ਦੀਆਂ ਵਿਵਰਣਕ ਰਚਨਾਵਾਂ ਅਤੇ ਵਖ-ਵਖ ਲੋਕ-ਧਾਰਾਵਾਂ ਦੇ ਮੁੱਖ ਤੱਤ ਲਿਖਤ ਰੂਪ ਵਿੱਚ ਲਾਇਬ੍ਰੇਰੀਆਂ ਵਿਚ ਮੌਜੂਦ ਹਨ। ਮੌਖਿਕ ਪਰੰਪਰਾਵਾਂ ਆਮ ਤੌਰ 'ਤੇ ਖਤਰੇ ਹੇਠ ਰਹਿੰਦੀਆਂ ਹਨ, ਕਿਉਂਕਿ ਜੇ ਉਹਨਾਂ ਨੂੰ ਲਿਖਤ ਰੂਪ ਨਹੀਂ ਦਿੱਤਾ ਜਾਂਦਾ ਤਾਂ ਉਨ੍ਹਾਂ ਦਾ ਅੰਤ ਹੋ ਜਾਣਾ ਅਸਾਨ ਹੁੰਦਾ ਹੈ। ਲਾਇਬ੍ਰੇਰੀਆਂ ਨੇ ਇਨ੍ਹਾਂ ਪਰੰਪਰਾਵਾਂ ਨੂੰ ਲਿਖਤ ਸਰੂਪ ਦੇ ਕੇ ਅਤੇ ਵੱਖ-ਵੱਖ ਰਚਨਾਵਾਂ ਨੂੰ ਇਕੱਠਾ ਕਰਕੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਇਹ ਵਿਰਸਾ ਸਥਾਈ ਰੂਪ ਵਿੱਚ ਬਚ ਸਕੇ।

ਲਾਇਬ੍ਰੇਰੀਆਂ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਉਹ ਹੈ ਜਿਹੜਾ ਉਹ ਸਿੱਖ ਧਰਮ ਦੀ ਵਿਰਾਸਤ ਨੂੰ ਸੰਭਾਲਣ ਲਈ ਨਿਭਾਉਂਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ, ਇਤਿਹਾਸਕ ਗੁਟਕਿਆਂ, ਹਸਤਲਿਖਤ ਪਾਠਾਂ ਅਤੇ ਰੇਹਤਨਾਮਿਆਂ ਦੀ ਸੰਭਾਲ ਲਾਇਬ੍ਰੇਰੀਆਂ ਦੀ ਇੱਕ ਰੂਹਾਨੀ ਅਤੇ ਸੱਭਿਆਚਾਰਕ ਜ਼ਿੰਮੇਵਾਰੀ ਬਣੀ ਰਹਿੰਦੀ ਹੈ। ਇਹ ਦਸਤਾਵੇਜ਼ ਸਿਰਫ਼ ਆਧਿਆਤਮਿਕ ਨਹੀਂ, ਸਗੋਂ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ, ਸਿੱਖ ਇਤਿਹਾਸ ਅਤੇ ਸਮਾਜਿਕ ਦਰਸ਼ਨਸ਼ਾਸਤਰ ਦੇ ਵੀ ਆਧਾਰ ਹਨ। ਜੇ ਇਹ ਸਾਰਾ ਵਿਰਸਾ ਲਾਇਬ੍ਰੇਰੀਆਂ ਵਿਚ ਨਾ ਹੁੰਦਾ, ਤਾਂ ਖੋਜਕਾਰਾਂ ਅਤੇ ਵਿਦਿਆਰਥੀਆਂ ਲਈ ਪੰਜਾਬ ਦੀ ਆਧਿਆਤਮਿਕ ਅਤੇ ਭਾਸ਼ਾਈ ਪਰੰਪਰਾ ਨੂੰ ਸਮਝਣਾ ਲਗਭਗ ਅਸੰਭਵ ਹੋ ਸਕਦਾ ਸੀ।

"ਸੱਭਿਆਚਾਰਕ ਵਿਰਾਸਤ ਲਾਇਬ੍ਰੇਰੀਆਂ ਅਤੇ ਸੂਚਨਾ ਕੇਂਦਰਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਦੁਨੀਆ ਭਰ ਦੀਆਂ ਲਾਇਬ੍ਰੇਰੀਆਂ ਗਿਆਨ ਅਤੇ ਜਾਣਕਾਰੀ ਦੇ ਭੰਡਾਰਾਂ ਵਜੋਂ ਕੰਮ ਕਰਦੀਆਂ ਹਨ। ਲਾਇਬ੍ਰੇਰੀਆਂ ਦਾ ਮੁੱਖ ਉਦੇਸ਼ ਸਥਾਨਕ, ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਜਾਣਕਾਰੀ ਬਣਾਉਣਾ, ਸਟੋਰ ਕਰਨਾ, ਪ੍ਰਕਿਰਿਆ ਕਰਨਾ ਅਤੇ ਪ੍ਰਸਾਰਿਤ ਕਰਨਾ ਹੈ। ਇਹ ਸਿਰਫ਼ ਲਾਇਬ੍ਰੇਰੀਆਂ ਵਿੱਚ ਜਾਣਕਾਰੀ ਅਤੇ ਸੰਚਾਰ ਤਕਨਾਲੋਜੀ ਦੇ ਸੱਚੀ ਭਾਵਨਾ ਅਤੇ ਰੂਪ ਵਿੱਚ ਸਮਰਥਨ ਅਤੇ ਵਰਤੋਂ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸੂਚਨਾ ਅਤੇ ਸੰਚਾਰ

ਤਕਨਾਲੋਜੀ ਸਮੇਂ ਅਤੇ ਸਥਾਨ ਤੋਂ ਪਰੇ ਡਿਜੀਟਲ ਜਾਣਕਾਰੀ ਤੱਕ ਪਹੁੰਚ ਨੂੰ ਸਮਰੱਥ ਬਣਾਉਂਦੀ ਹੈ। ਇਸ ਤਕਨਾਲੋਜੀ ਦੀ ਮਦਦ ਨਾਲ ਕਿਤੇ ਵੀ ਇਸ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਜਨਤਾ ਦੇ ਅੰਤ 'ਤੇ ਜਾਣਕਾਰੀ ਅਤੇ ਗਿਆਨ ਦਾ ਮੁਕਤ ਪ੍ਰਵਾਹ ਸੂਚਨਾ ਅਤੇ ਸੰਚਾਰ ਤਕਨਾਲੋਜੀ ਦਾ ਮੁੱਖ ਉਦੇਸ਼ ਬਣਿਆ ਹੋਇਆ ਹੈ"[10]।

ਆਧੁਨਿਕ ਸਮੇਂ ਵਿੱਚ ਲਾਇਬ੍ਰੇਰੀਆਂ ਨੇ ਡਿਜ਼ੀਟਲ ਤਕਨਾਲੋਜੀ ਨੂੰ ਗੱਲ-ਲਗਾ ਕੇ ਆਪਣੀ ਭੂਮਿਕਾ ਨੂੰ ਹੋਰ ਵੀ ਵਧਾਇਆ ਹੈ। ਡਿਜ਼ੀਟਾਈਜ਼ੇਸ਼ਨ ਦੀ ਪ੍ਰਕਿਰਿਆ ਰਾਹੀਂ ਪੁਰਾਤਨ ਹਸਤਲਿਖਤਾਂ, ਪੁਰਾਣੀਆਂ ਅਖਬਾਰਾਂ, ਇਤਿਹਾਸਕ ਫੋਟੋਗ੍ਰਾਫਾਂ, ਸਰਕਾਰੀ ਆਰਕਾਈਵ ਅਤੇ ਪੰਜਾਬੀ ਸਾਹਿਤ ਨਾਲ ਸੰਬੰਧਿਤ ਬੇਅੰਤ ਦਸਤਾਵੇਜ਼ਾਂ ਨੂੰ ਡਿਜ਼ੀਟਲ ਰੂਪ ਵਿੱਚ ਤਿਆਰ ਕਰਕੇ ਦੁਨੀਆ ਭਰ ਦੇ ਪਾਠਕਾਂ ਅਤੇ ਖੋਜਕਾਰਾਂ ਲਈ ਉਪਲਬਧ ਕਰਵਾਇਆ ਜਾ ਰਿਹਾ ਹੈ। ਪੰਜਾਬ ਡਿਜ਼ੀਟਲ ਲਾਇਬ੍ਰੇਰੀ ਇਸ ਦਾ ਇੱਕ ਮਹੱਤਵਪੂਰਨ ਉਦਾਹਰਣ ਹੈ, ਜਿਸਨੇ ਭੌਤਿਕ ਸਰਹੱਦਾਂ ਨੂੰ ਤੋੜ ਕੇ ਪੰਜਾਬੀ ਸੱਭਿਆਚਾਰ ਨੂੰ ਇੱਕ ਵਿਸ਼ਵ-ਵਿਆਪੀ ਪਛਾਣ ਦਿੱਤੀ ਹੈ। ਡਿਜ਼ੀਟਲ ਤਕਨਾਲੋਜੀ ਨੇ ਲਾਇਬ੍ਰੇਰੀਆਂ ਨੂੰ ਸਿਰਫ਼ ਸੰਭਾਲ ਕੇਂਦਰ ਨਹੀਂ, ਸਗੋਂ ਸੱਭਿਆਚਾਰਕ ਸ਼ੇਅਰਿੰਗ ਦੇ ਕੇਂਦਰ ਵਜੋਂ ਵੀ ਰੂਪਾਂਤਰਿਤ ਕਰ ਦਿੱਤਾ ਹੈ।

ਲਾਇਬ੍ਰੇਰੀਆਂ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਵਿੱਚ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਹ ਵੱਖ-ਵੱਖ ਕਲਾਤਮਕ ਅਤੇ ਸਾਹਿਤਕ ਸਮਾਗਮ ਆਯੋਜਿਤ ਕਰਕੇ ਨਵੀਂ ਪੀੜ੍ਹੀ ਨੂੰ ਸੱਭਿਆਚਾਰ ਨਾਲ ਜੁੜਨ ਲਈ ਪ੍ਰੇਰਿਤ ਕਰਦੀਆਂ ਹਨ। ਕਵਿਤਾ-ਕੰਠਨ, ਪੁਸਤਕ-ਮੋਚਨ, ਵਿਰਸੇ-ਸਬੰਧੀ ਗੋਸ਼ਠੀਆਂ, ਸੰਗੀਤਕ ਪ੍ਰੋਗਰਾਮ ਅਤੇ ਸਾਹਿਤਕ ਮੇਲਿਆਂ ਰਾਹੀਂ ਲਾਇਬ੍ਰੇਰੀਆਂ ਲੋਕਾਂ ਨੂੰ ਆਪਣੀ ਮਿੱਟੀ ਨਾਲ ਜੋੜਦੀਆਂ ਹਨ। ਇਹ ਸਮਾਗਮ ਸਿਰਫ਼ ਮਨੋਰੰਜਨ ਨਹੀਂ, ਸਗੋਂ ਸੱਭਿਆਚਾਰਕ ਜਾਗਰੂਕਤਾ ਪੈਦਾ ਕਰਨ ਦੇ ਵਾਹਕ ਹੁੰਦੇ ਹਨ।

ਲਾਇਬ੍ਰੇਰੀਆਂ ਖੋਜ-ਕਾਰਜ ਦੇ ਕੇਂਦਰ ਵੀ ਹਨ, ਅਤੇ ਪੰਜਾਬੀ ਸੱਭਿਆਚਾਰ ਉੱਤੇ ਅਧਿਐਨ ਕਰਨ ਵਾਲੇ ਵਿਦਵਾਨ ਇੱਥੋਂ ਹੀ ਆਪਣਾ ਸਰੋਤ-ਸਾਮੱਗਰੀ ਪ੍ਰਾਪਤ ਕਰਦੇ ਹਨ। ਲਾਇਬ੍ਰੇਰੀਆਂ ਵਿਚ ਮੌਜੂਦ ਪੁਰਾਤਨ ਦਸਤਾਵੇਜ਼, ਖੋਜ ਪੱਤਰ, ਪੀਐਚ.ਡੀ. ਥੀਸਿਸ, ਆਰਕਾਈਵ ਸਮੱਗਰੀ ਅਤੇ ਰੈਫਰੈਂਸ ਬੁੱਕਸ ਖੋਜਕਾਰਾਂ ਨੂੰ ਸਮਝ ਦੇ ਉਹ ਦਰਵਾਜ਼ੇ ਖੋਲ੍ਹਦੀਆਂ ਹਨ ਜੋ ਹੋਰ ਕਿਸੇ ਥਾਂ ਉਪਲਬਧ ਨਹੀਂ ਹੁੰਦੇ। ਇਸ ਪ੍ਰਕਿਰਿਆ ਰਾਹੀਂ ਲਾਇਬ੍ਰੇਰੀਆਂ ਪੰਜਾਬੀ ਸੱਭਿਆਚਾਰਕ ਵਿਗਿਆਨ ਦੇ ਵਿਕਾਸ ਅਤੇ ਅੱਗੇ ਵਧਣ ਲਈ ਮਜ਼ਬੂਤ ਪੁਲ ਦਾ ਕੰਮ ਕਰਦੀਆਂ ਹਨ।

"ਗੁਰੂ ਨਾਨਕ ਸਾਹਿਬ ਬੇਕਾਰ ਸਿੱਖਿਆ ਦੀ ਨਿੰਦਾ ਕਰ ਰਹੇ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਗਿਆਨ ਅਤੇ ਕਿਤਾਬਾਂ ਦੇ ਪ੍ਰਦਰਸ਼ਨ 'ਤੇ ਮਾਣ ਕਰਨ ਦਾ ਰਿਵਾਜ ਸੀ। ਸਾਹਿਤ ਕਿਤਾਬਾਂ, ਪਾਠਕਾਂ ਅਤੇ ਲਾਇਬ੍ਰੇਰੀਆਂ ਵਿਚਕਾਰ ਇੱਕ ਪਰਸਪਰ ਸਬੰਧ ਹੈ। ਜਿੱਥੇ ਸਾਹਿਤ ਹੈ, ਉੱਥੇ ਕਿਤਾਬਾਂ, ਪਾਠਕ ਅਤੇ ਲਾਇਬ੍ਰੇਰੀਆਂ ਹੋਣੀਆਂ ਚਾਹੀਦੀਆਂ ਹਨ। ਇਸ ਲਈ, ਲਾਇਬ੍ਰੇਰੀਆਂ ਦੀ ਹੋਂਦ ਅਤੇ ਸਥਿਤੀ ਦਾ ਅੰਦਾਜ਼ਾ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਅਧਿਐਨ ਤੋਂ ਲਗਾਇਆ ਜਾ ਸਕਦਾ ਹੈ"[11]।

ਸਮਾਂ ਬਦਲਣ ਨਾਲ ਜਿੱਥੇ ਸੱਭਿਆਚਾਰਕ ਵਿਰਸੇ ਦੀ ਰੱਖਿਆ ਦੀ ਲੋੜ ਵਧਦੀ ਜਾ ਰਹੀ ਹੈ, ਓਥੇ ਹੀ ਲਾਇਬ੍ਰੇਰੀਆਂ ਨੂੰ ਕੁਝ ਚੁਣੌਤੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਪੁਰਾਤਨ ਪਾਠਾਂ ਦਾ ਜਿਵੇਂ-ਜਿਵੇਂ ਨਾਸ ਹੁੰਦਾ ਜਾ ਰਿਹਾ ਹੈ, ਫੰਡਾਂ ਦੀ ਘਾਟ, ਮਾਹਰ ਕੁਰੇਟਰਾਂ ਦੀ ਕਮੀ ਅਤੇ ਪੜ੍ਹਨ ਦੀਆਂ ਘੱਟਦੀਆਂ ਆਦਤਾਂ ਲਾਇਬ੍ਰੇਰੀਆਂ ਲਈ ਚਿੰਤਾ ਦਾ ਵਿਸ਼ਾ ਹਨ। ਪਰ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਲਾਇਬ੍ਰੇਰੀਆਂ ਨੇ ਹਮੇਸ਼ਾਂ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ ਹੈ ਅਤੇ ਸੱਭਿਆਚਾਰ ਦੀ ਰੱਖਿਆ ਲਈ ਖੁਦ ਨੂੰ ਨਵੀਂ ਤਕਨਾਲੋਜੀ ਅਤੇ ਨਵੇਂ ਮਾਡਲਾਂ ਨਾਲ ਅਨੁਕੂਲ ਕੀਤਾ ਹੈ।

ਇਸ ਸਾਰੇ ਅਧਿਐਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਪੰਜਾਬੀ ਸੱਭਿਆਚਾਰ ਦੀ ਸੰਭਾਲ ਵਿੱਚ ਲਾਇਬ੍ਰੇਰੀਆਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ, ਬਦਲ-ਨ-ਸਕਣ ਵਾਲੀ ਅਤੇ ਸਦੀਵ ਰਹਿਣ ਵਾਲੀ ਹੈ। ਲਾਇਬ੍ਰੇਰੀਆਂ ਇੱਕ ਕੌਮ ਦੀ ਅਸਲ ਪਹਿਚਾਣ ਨੂੰ ਸੁਰੱਖਿਅਤ ਕਰਦੀਆਂ ਹਨ, ਇਸ ਦੀ ਭਾਸ਼ਾ ਨੂੰ ਮਜ਼ਬੂਤ ਬਣਾਏ ਰੱਖਦੀਆਂ ਹਨ, ਲੋਕ-ਸੱਭਿਆਚਾਰ ਨੂੰ ਜਿਉਂਦਾ ਰੱਖਦੀਆਂ ਹਨ ਅਤੇ ਆਧੁਨਿਕ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਪ੍ਰੇਰਿਤ ਕਰਦੀਆਂ ਹਨ। ਸਮੇਂ ਦੀ ਧੂੜ ਨਾਲ ਢੱਕੇ ਹੋਏ ਪੁਰਾਤਨ ਦਸਤਾਵੇਜ਼ ਤੋਂ ਲੈ ਕੇ ਤਕਨਾਲੋਜੀ ਨਾਲ ਬਣੇ ਡਿਜ਼ੀਟਲ ਆਰਕਾਈਵ ਤੱਕ, ਲਾਇਬ੍ਰੇਰੀਆਂ ਪੰਜਾਬੀ ਸਮਾਜ ਦੀਆਂ ਰੂਹਾਨੀ, ਸਾਹਿਤਕ ਅਤੇ ਸੱਭਿਆਚਾਰਕ ਨਸਾਂ ਵਿਚ ਗਿਆਨ ਦੀ ਧਾਰ ਵਗਾਉਂਦੀਆਂ ਰਹਿੰਦੀਆਂ ਹਨ। ਇਹ ਵਿਰਸੇ ਦੀਆਂ ਰੱਖਿਆਕਾਰੀ ਸੰਸਥਾਵਾਂ ਹਨ, ਜਿੰਨ੍ਹਾਂ ਦੇ ਬਗੈਰ ਪੰਜਾਬੀ ਸੱਭਿਆਚਾਰ ਦੀ ਲਗਾਤਾਰਤਾ ਅਤੇ ਜੀਵਨਤਾ ਦੀ ਕਲਪਨਾ ਵੀ ਅਸੰਭਵ ਹੈ।

REFERENCES

1. . Sukhdev Madpuri, punjabi subheachar di aarsi,lahore book shop, Ludhiana : 2006 page no.9
2. . Dr. Jagir singh noor, punjabi subheachar mool pashaan,National book trust india,new delhi : 2008 page no.1
3. .Prof.Sharry singh, punjabi subheachar vibhin paripekh,Roohi parkashan, Amritsar : 2009 page no.12
4. .Brahmjagdish singh, punjabi subheachar, Waris Shah foundation, amritsar : 2005 page no.17
5. .Dr.Davinder singh, subheachar vigiyaan ate punjabi subheachar, Waris Shah foundation, amritsar : 2012 page no.17
6. . ibid, page no.21
7. .Hakam singh, library science di jaan pehchaan,punjab state university text book board, chandigarh : 1974 page no.1
8. .Gursharan kaur brar, library system,Preet publication, patiala : 2004 page no.9

9 .Dr.Bimal kumar datta, Libraries & librarianship of ancient and medieval India ,Atma Ram & sons,New delhi : 1960 page no.3

10 .https://share.google/e6uRSUMSY1IBlwRX3

11 .Hakam singh, library science di jaan pehchaan,punjab state university text book board, chandigarh : 1974 page no.65